


WEST GATE TUNNEL

# ਗੱਡੀ ਚਲਾਉਣ ਲਈ ਤਿਆਰ ਹੋ ਜਾਓ

## ਵੈਸਟ ਗੇਟ ਟਨਲ ਦੀ ਵਰਤੋਂ ਕਿਵੇਂ ਕਰਨੀ ਹੈ – ਮਾਲ ਦੀ ਢੋਆ-ਢੁਆਈ ਲਈ ਇੱਕ ਗਾਈਡ

ਸਾਂਝੇਦਾਰੀ ਵਿੱਚ

Transurban

VICTORIA'S BIG BUILD

VICTORIA State Government

**westgatetunnelproject.vic.gov.au/drive**

info@wgta.vic.gov.au | 1800 105 105 (ਕਿਸੇ ਵੀ ਸਮੇਂ ਕਾਲ ਕਰੋ)

ਇਸ ਪ੍ਰਕਾਸ਼ਨ ਵਿੱਚ ਵੈਸਟ ਗੇਟ ਟਨਲ ਪ੍ਰੋਜੈਕਟ ਬਾਰੇ ਜਾਣਕਾਰੀ ਦਿੱਤੀ ਗਈ ਹੈ, ਜੋ 2025 ਦੇ ਅੰਤ ਤੱਕ ਖੁੱਲ੍ਹੇਗਾ। ਅਸੀਂ ਤੁਹਾਨੂੰ ਜਾਣਕਾਰੀ ਦਿੰਦੇ ਰਹਿਣ ਲਈ ਵਚਨਬੱਧ ਹਾਂ ਅਤੇ ਜੇਕਰ ਤੁਹਾਡੇ ਕੋਈ ਸਵਾਲ ਹਨ ਤਾਂ ਤੁਹਾਨੂੰ ਸਾਡੇ ਨਾਲ ਸੰਪਰਕ ਕਰਨ ਲਈ ਉਤਸ਼ਾਹਿਤ ਕਰਦੇ ਹਾਂ।

ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾਵਾਂ ਲਈ, ਕਿਰਪਾ ਕਰਕੇ 9209 0147 'ਤੇ ਫ਼ੋਨ ਕਰੋ।

ਜੇਕਰ ਤੁਸੀਂ ਇਸ ਪ੍ਰੋਜੈਕਟ ਬਾਰੇ ਗੱਲ ਕਰਨਾ ਚਾਹੁੰਦੇ ਹੋ ਜਾਂ ਇਸ ਪ੍ਰਕਾਸ਼ਨ ਵਿੱਚ ਦਿੱਤੀ ਗਈ ਜਾਣਕਾਰੀ ਨੂੰ ਸਮਝਣ ਵਿੱਚ ਕਿਸੇ ਦੁਭਾਸ਼ੀਏ ਦੀ ਮੱਦਦ ਦੀ ਲੋੜ ਹੈ ਤਾਂ ਕਿਰਪਾ ਕਰਕੇ ਸਾਡੇ ਨਾਲ 9209 0147 'ਤੇ ਸੰਪਰਕ ਕਰੋ। ਜੇਕਰ ਤੁਹਾਨੂੰ ਸੁਣਨ ਜਾਂ ਬੋਲਣ ਦੀ ਕਮਜ਼ੋਰੀ ਦੇ ਕਾਰਨ ਸਹਾਇਤਾ ਦੀ ਲੋੜ ਹੈ, ਤਾਂ **relayservice.gov.au** 'ਤੇ ਜਾਓ।

VICTORIA State Government

**اللغة العربية**

تتضمن هذه النشرة معلومات حول مشروع نفق ويست غايت (West Gate Tunnel Project) الذي سيُفتتح في أواخر عام 2025. نحن نتعهّد بإحاطتكم علماً بآخر الأخبار ونشجعكم على الاتصال بنا إذا كان لديكم أي أسئلة. يُرجى الاتصال بنا على الرقم 9209 0147 إذا كنتم ترغبون في التحدث إلى مترجم حول المشروع أو تحتاجون إلى مساعدة في فهم المعلومات المُقدّمة في هذه النشرة.

**Hrvatski**

Ova publikacija sadrži informacije o projektu tunela West Gate koji će biti otvoren krajem 2025. godine. Obvezujemo se da ćemo vas informirati i potičemo vas da nas kontaktirate ako imate bilo kakvih pitanja. Molimo vas da nas kontaktirate putem broja telefona 9209 0147 ako želite razgovarati s tumačem o projektu ili trebate pomoć u razumijevanju informacija navedenih u ovoj publikaciji.

**Filipino**

Ang lathalaing ito ay naglalaman ng impormasyon tungkol sa West Gate Tunnel Project, na magbubukas sa huling bahagi ng 2025. Kami ay nakatuon sa pagbibigay sa inyo ng impormasyon at hinihikayat namin kayong makipag-ugnayan sa amin kung mayroon kayong mga katanungan. Mangyaring makipag-ugnayan sa amin sa 9209 0147 kung nais ninyong makausap ang isang interpreter tungkol sa proyekto o kung kailangan ninyo ng tulong sa pag-unawa ng impormasyong nasa lathalaing ito.

**Ελληνικά**

Αυτή η δημοσίευση περιλαμβάνει πληροφορίες σχετικά με το έργο West Gate Tunnel Project (Έργο Σήραγγας West Gate) που θα ανοίξει στα τέλη του 2025. Δεσμευόμαστε να σας κρατάμε ενήμερους και σας ενθαρρύνουμε να επικοινωνήσετε μαζί μας εάν έχετε οποιεσδήποτε ερωτήσεις. Επικοινωνήστε μαζί μας στο 9209 0147 εάν θέλετε να μιλήσετε με διερμηνέα για το έργο ή χρειάζεστε βοήθεια για την κατανόηση των πληροφοριών που παρέχονται σε αυτή τη δημοσίευση.

**Italiano**

Questa pubblicazione include informazioni sul Progetto del West Gate Tunnel che verrà inaugurato alla fine del 2025.  Ci impegniamo a tenerti informato/a e ti incoraggiamo a contattarci se hai domande da fare. Contattaci al numero 9209 0147 se desideri parlare con un interprete riguardo al progetto o se hai bisogno di aiuto nel comprendere le informazioni fornite in questa pubblicazione.

**Македонски**

Оваа публикација вклучува информации за проектот West Gate Tunnel што ќе биде отворен кон крајот на 2025 година. Се стремиме да продолжиме да ве информираме и ве поттикнуваме да ни се јавите ако имате прашања. Ве молиме јавете ни се на 9209 0147 ако сакате со преведувач да разговарате за проектот или ви треба помош да ги разберете информациите дадени во оваа публикација.

**Polski**

Niniejsza publikacja zawiera informacje na temat projektu West Gate Tunnel, który zostanie otwarty pod koniec 2025 roku. Dokładamy wszelkich starań, aby na bieżąco informować o postępach i w razie jakichkolwiek pytań zachęcamy do kontaktu z nami. W przypadku chęci porozmawiania z tłumaczem na temat projektu lub uzyskania pomocy w zrozumieniu informacji zawartych w niniejszej publikacji prosimy o kontakt pod numerem 9209 0147.

**ਪੰਜਾਬੀ**

ਇਸ ਪ੍ਰਕਾਸ਼ਨ ਵਿੱਚ ਵੈਸਟ ਗੇਟ ਸੁਰੰਗ ਦੇ ਪ੍ਰੋਜੈਕਟ ਬਾਰੇ ਜਾਣਕਾਰੀ ਸ਼ਾਮਲ ਹੈ ਜੋ 2025 ਦੇ ਅਖੀਰ ਵਿੱਚ ਖੁੱਲ੍ਹੇਗੀ।

ਅਸੀਂ ਤੁਹਾਨੂੰ ਸੂਚਿਤ ਰੱਖਣ ਲਈ ਵਚਨਬੱਧ ਹਾਂ ਅਤੇ ਜੇ ਤੁਹਾਡੇ ਕੋਈ ਸਵਾਲ ਹਨ ਤਾਂ ਤੁਹਾਨੂੰ ਸਾਡੇ ਨਾਲ ਸੰਪਰਕ ਕਰਨ ਲਈ ਉਤਸ਼ਾਹਿਤ ਕਰਦੇ ਹਾਂ। ਜੇ ਤੁਸੀਂ ਪ੍ਰੋਜੈਕਟ ਬਾਰੇ ਦੁਭਾਸ਼ੀਏ ਨਾਲ ਗੱਲ ਕਰਨਾ ਚਾਹੁੰਦੇ ਹੋ ਜਾਂ ਇਸ ਪ੍ਰਕਾਸ਼ਨ ਵਿੱਚ ਪ੍ਰਦਾਨ ਕੀਤੀ ਜਾਣਕਾਰੀ ਨੂੰ ਸਮਝਣ ਵਿੱਚ ਮਦਦ ਦੀ ਲੋੜ ਹੈ ਤਾਂ ਕਿਰਪਾ ਕਰਕੇ ਸਾਡੇ ਨਾਲ 9209 0147 'ਤੇ ਸੰਪਰਕ ਕਰੋ।

**Српски**

Ова публикација садржи информације о пројекту изградње тунела Вест Гејт (West Gate Tunnel Project) који ће се отворити крајем 2025. године. Посвећени смо томе да вас редовно обавештавамо и подстичемо вас да нас контактирате ако имате било каквих питања. Контактирајте нас на 9209 0147 ако желите да разговарате о пројекту уз помоћ тумача или вам је потребна помоћ да разумете информације у овој публикацији.

**简体中文**

本刊物包括西门隧道项目将于2025年末开通的信息。我们会及时向您通报情况。若有问题，亦请主动与我们联系。若你希望通过翻译讨论项目之事或需要澄清本刊物的信息内容，请拨9209 0147与我们联系。

**繁體中文**

本出版物內含將於2025年底通車的西門隧道項目（West Gate Tunnel Project）的資訊。我們致力於隨時為您提供最新資訊，並歡迎您聯繫我們提出任何疑問。如要通過口譯員瞭解項目資訊，或需要幫助理解本出版物中的內容，請撥打9209 0147與我們聯繫。

**Tiếng Việt**

Ấn phẩm này trình bày thông tin về Dự án Đường hầm West Gate sẽ mở cửa vào cuối năm 2025. Chúng tôi cam kết sẽ cập nhật thông tin cho quý vị và khuyến khích quý vị liên lạc với chúng tôi nếu có bất kỳ câu hỏi nào. Vui lòng liên lạc với chúng tôi theo số 9209 0147 nếu quý vị muốn nói chuyện qua thông dịch viên về dự án này hoặc cần trợ giúp để hiểu thông tin được cung cấp trong ấn phẩm này.

1102 WGT

## ਵਿਸ਼ਾ-ਸੂਚੀ


**4** ***ਜਾਣ-ਪਛਾਣ***
ਵੈਸਟ ਗੇਟ ਟਨਲ ਬਾਰੇ ਹੋਰ ਜਾਣੋ।

**6** ***ਮੁੱਖ ਯਾਤਰਾਵਾਂ***
ਭਾਰੀ ਵਾਹਨਾਂ ਦੀਆਂ ਸਭ ਤੋਂ ਵੱਧ ਆਮ ਤੌਰ 'ਤੇ ਹੋਣ ਵਾਲੀਆਂ ਯਾਤਰਾਵਾਂ ਤੋਂ ਜਾਣੂ ਹੋਵੋ।

**10** ***ਵੈਸਟ ਗੇਟ ਟਨਲ ਰਾਹੀਂ ਜਾਣ ਲਈ ਫ਼ੀਸ ਭੁਗਤਾਨ ਕਰਨਾ***
ਪਤਾ ਕਰੋ ਕਿ ਟੋਲ ਸੜਕਾਂ ਕਿਵੇਂ ਕੰਮ ਕਰਦੀਆਂ ਹਨ ਅਤੇ ਯਾਤਰਾਵਾਂ ਲਈ ਭੁਗਤਾਨ ਕਿਵੇਂ ਕਰਨਾ ਹੈ।

**11** ***ਸੜਕ ਸੁਰੱਖਿਆ ਅਤੇ ਵੈਸਟ ਗੇਟ ਟਨਲ***
ਟਨਲ ਅਤੇ ਨਾਲ ਜੁੜੀਆਂ ਸੜਕਾਂ ਵਿੱਚ ਸੁਰੱਖਿਆ ਬਾਰੇ ਜਾਣੋ।




### ਵੈਸਟ ਗੇਟ ਟਨਲ ਮਾਲ ਢੋਆ-ਢੁਆਈ ਖੇਤਰ ਲਈ ਨਿਰਵਿਘਨ, ਸੁਰੱਖਿਅਤ ਅਤੇ ਵਧੇਰੇ ਲਾਭਕਾਰੀ ਯਾਤਰਾਵਾਂ ਪ੍ਰਦਾਨ ਕਰੇਗੀ:

**M80 ਇੰਟਰਚੇਂਜ ਤੋਂ ਵੈਸਟ ਗੇਟ ਫ੍ਰੀਵੇਅ 'ਤੇ ਆਉਣ ਲਈ**

ਰੈਂਪ ਅਤੇ ਇੰਟਰਚੇਂਜ ਅਤੇ ਵਧੇਰੇ ਮਜ਼ਬੂਤ ਵੈਸਟ ਗੇਟ ਫ੍ਰੀਵੇਅ, ਜੋ ਉੱਚ ਉਤਪਾਦਕਤਾ ਵਾਲੇ ਭਾੜਾ ਵਾਹਨਾਂ (110 ਟਨ ਤੱਕ ਦੇ ਲੋਡ ਲਈ) ਨੂੰ ਸਮਰਥਨ ਦੇਵੇਗੀ।

**50 ਟ੍ਰੈਫਿਕ ਲਾਈਟਾਂ ਨੂੰ ਬਾਈਪਾਸ ਕਰਕੇ**

ਉਦੇਸ਼-ਨਿਰਮਿਤ ਸੜਕਾਂ।

**ਹੋਰ ਸਿੱਧੀ ਪਹੁੰਚ**

ਪੋਰਟ ਵੱਲ ਆਉਣ-ਜਾਣ ਲਈ 50% ਵਧੇਰੇ ਸਮਰੱਥਾ।

ਜਾਣ-ਪਛਾਣ

# ਵੈਸਟ ਗੇਟ ਟਨਲ ਕੀ ਹੈ?

## ਇਸ ਵਿੱਚ ਕੀ-ਕੀ ਨਵਾਂ ਹੈ?

ਵੈਸਟ ਗੇਟ ਟਨਲ ਇੱਕ ਨਵੀਂ ਸੜਕ ਹੈ ਜੋ ਮੈਲਬੌਰਨ ਦੇ ਪੱਛਮੀ ਇਲਾਕਿਆਂ ਨੂੰ ਮੈਲਬੌਰਨ ਪੋਰਟ ਅਤੇ ਫ੍ਰੀਵੇਅ ਦੇ ਵਿਸ਼ਾਲ ਨੈੱਟਵਰਕ ਨਾਲ ਜੋੜਦੀ ਹੈ ਤਾਂ ਜੋ ਮਾਲ ਦੀ ਢੋਆ-ਢੁਆਈ 24/7 ਜਾਰੀ ਰੱਖੀ ਜਾ ਸਕੇ। ਤੁਸੀਂ ਇਸਦੀ ਵਰਤੋਂ ਪੱਛਮੀ ਇਲਾਕਿਆਂ ਤੋਂ ਸ਼ਹਿਰ ਜਾਣ ਅਤੇ ਵਾਪਸ ਆਉਣ ਲਈ ਕਰ ਸਕੋਗੇ।

### ਸਾਂਝੇਦਾਰੀ ਵਿੱਚ

ਯਾਰਾਵਿਲ ਦੇ ਹੇਠਾਂ ਜੋ ਵੈਸਟ ਗੇਟ ਫ੍ਰੀਵੇਅ ਨੂੰ ਸ਼ਹਿਰ ਅਤੇ ਸਿਟੀਲਿੰਕ ਨਾਲ ਜੋੜਦਾ ਹੈ।

### ਹੋਰ ਲੇਨਾਂ

ਵੈਸਟ ਗੇਟ ਫ੍ਰੀਵੇਅ 'ਤੇ ਫ੍ਰੀਵੇਅ 'ਤੇ ਦਾਖਲ ਹੋਣ ਅਤੇ ਬਾਹਰ ਨਿੱਕਲਣ ਦੇ ਰੈਂਪਾਂ ਦੇ ਨਾਲ।

### ਨਵੇਂ ਪੁਲ

ਅਤੇ ਸਿਟੀਲਿੰਕ, ਨੌਰਥ ਮੈਲਬੌਰਨ, ਡੌਕਲੈਂਡਜ਼ ਅਤੇ ਉੱਤਰੀ ਇਲਾਕਿਆਂ ਵਿੱਚ ਜਾਣ ਲਈ ਬਾਹਰ ਨਿੱਕਲਣ ਲਈ ਸੜਕੀ ਸੰਪਰਕ।

ਵੱਡੇ ਟਰੱਕਾਂ ਦੀ ਨਵੀਂ ਪੀੜ੍ਹੀ:

**ਲੰਬੇ ਭਾਰੀ ਵਪਾਰਕ ਵਾਹਨ (LHCV)**

ਵੈਸਟ ਗੇਟ ਟਨਲ ਦੇ ਹਿੱਸੇ ਵਜੋਂ ਟੋਲ ਦੀ ਇੱਕ ਨਵੀਂ ਸ਼੍ਰੇਣੀ ਲਾਗੂ ਕੀਤੀ ਜਾ ਰਹੀ ਹੈ। ਵਧੇਰੇ ਜਾਣਕਾਰੀ ਲਈ ਪੰਨਾ 10 'ਤੇ ਜਾਓ।

## ਨਵੇਂ ਨੋ-ਟਰੱਕ ਜ਼ੋਨ


### ਜਦੋਂ ਵੈਸਟ ਗੇਟ ਟਨਲ ਖੁੱਲ੍ਹੇਗੀ, ਤਾਂ ਛੇ ਅੰਦਰੂਨੀ ਪੱਛਮੀ ਸੜਕਾਂ 'ਤੇ 24-ਘੰਟਿਆਂ ਲਈ ਨੋ-ਟਰੱਕ ਜ਼ੋਨ ਹੋਣਗੇ।

ਇਸ ਵਿੱਚ ਯਾਰਾਵਿਲ ਵਿੱਚ ਫਰਾਂਸਿਸ ਸਟ੍ਰੀਟ ਅਤੇ ਸੋਮਰਵਿਲ ਰੋਡ, ਫੁੱਟਸਕਰੇ ਵਿੱਚ ਬਕਲੇ ਸਟ੍ਰੀਟ ਅਤੇ ਮੂਰ ਸਟ੍ਰੀਟ, ਅਲਟੋਨਾ ਨੌਰਥ ਵਿੱਚ ਬਲੈਕਸ਼ਾਜ਼ ਰੋਡ ਅਤੇ ਸਪਾਟਸਵੁੱਡ ਵਿੱਚ ਹਡਸਨ ਰੋਡ ਸ਼ਾਮਿਲ ਹੋਣਗੇ।

ਸੜਕ-ਕਿਨਾਰੇ ਲੱਗੇ ਕੈਮਰੇ ਇਨ੍ਹਾਂ ਨੋ-ਟਰੱਕ ਜ਼ੋਨਾਂ ਦੀ ਨਿਗਰਾਨੀ ਕਰਨ ਅਤੇ ਇਨ੍ਹਾਂ ਨੂੰ ਲਾਗੂ ਕਰਨ ਵਿੱਚ ਮੱਦਦ ਕਰਨਗੇ। ਸਥਾਨਕ ਡਿਲੀਵਰੀਆਂ ਲਈ, ਨਿਰਮਾਣ ਜਾਂ ਮੁਰੰਮਤ ਦੇ ਕੰਮਾਂ ਲਈ, ਅਤੇ ਨੋ-ਟਰੱਕ ਜ਼ੋਨ ਨਿਯਮਾਂ ਵਿੱਚ ਦੱਸੇ ਗਏ ਹੋਰ ਹਾਲਾਤਾਂ ਲਈ, ਇਨ੍ਹਾਂ ਜ਼ੋਨਾਂ ਦੇ ਅੰਦਰ ਉਨ੍ਹਾਂ ਟਰੱਕਾਂ ਲਈ ਛੋਟ ਲਾਗੂ ਹੋਵੇਗੀ ਜੋ ਉਨ੍ਹਾਂ ਦਾ ਸਥਾਨਕ ਸਰੋਤ ਅਤੇ ਮੰਜ਼ਿਲ ਇਨ੍ਹਾਂ ਜ਼ੋਨਾਂ ਦੇ ਅੰਦਰ ਹੋਵੇ। ਵਧੇਰੇ ਜਾਣਕਾਰੀ ਲਈ **transport.vic.gov.au/no-truck-zones** 'ਤੇ ਜਾਓ।

**ਯਾਦ ਰੱਖੋ**

68.5T ਤੋਂ ਵੱਧ ਵਾਲੇ ਟਰੱਕ ਵੈਸਟ ਗੇਟ ਬ੍ਰਿਜ ਜਾਂ ਬੋਲਟੇ ਬ੍ਰਿਜ ਤੋਂ ਨਹੀਂ ਲੰਘ ਸਕਦੇ ਹਨ। ਇਹ ਨਿਯਮ ਦੋਵਾਂ ਦਿਸ਼ਾਵਾਂ ਲਈ ਲਾਗੂ ਹੁੰਦਾ ਹੈ।






**ਵਾਹਨ ਚਾਲਕਾਂ ਨੂੰ ਆਪਣੀ ਮੰਜ਼ਿਲ ਤੱਕ ਪਹੁੰਚਣ ਵਿੱਚ ਮੱਦਦ ਕਰਨ ਲਈ ਵੱਖ-ਵੱਖ ਟ੍ਰੈਫਿਕ ਲੇਨਾਂ ਬਣਾਈਆਂ ਗਈਆਂ ਹਨ, ਜਿਨ੍ਹਾਂ ਵਿੱਚ ਸ਼ਾਮਲ ਹਨ:**

- ਗ੍ਰੀਵ ਪਰੇਡ, ਮਿੱਲਰਜ਼ ਰੋਡ ਅਤੇ ਵਿਲੀਅਮਸਟਾਊਨ ਰੋਡ 'ਤੇ (ਸ਼ਹਿਰ ਵੱਲ ਨੂੰ) ਟਨਲ ਵਿੱਚ ਦਾਖਲ ਹੋਣ ਲਈ ਜਾਂ ਫ੍ਰੀਵੇਅ ਤੋਂ ਬਾਹਰ ਨਿੱਕਲਣ ਲਈ, ਅਤੇ (ਸ਼ਹਿਰ ਵੱਲ ਨੂੰ) ਹਾਈਡ ਸਟ੍ਰੀਟ ਤੱਕ ਜਾਣ ਲਈ ਖੱਬੇ ਪਾਸੇ ਦੀਆਂ ਲੇਨਾਂ।
- ਵੈਸਟ ਗੇਟ ਬ੍ਰਿਜ ਉੱਤੇ (ਸ਼ਹਿਰ ਵੱਲ ਨੂੰ) ਜਾਂ ਪ੍ਰਿੰਸੇਸ ਫ੍ਰੀਵੇਅ ਅਤੇ M80 ਰਿੰਗ ਰੋਡ ਤੱਕ (ਪੱਛਮੀ ਇਲਾਕਿਆਂ ਵੱਲ ਨੂੰ) ਜਾਰੀ ਰੱਖਣ ਲਈ ਸੱਜੇ ਪਾਸੇ ਦੀਆਂ ਐਕਸਪ੍ਰੈੱਸ ਲੇਨਾਂ।




ਮਿੱਲਰਜ਼ ਰੋਡ ਅਤੇ ਵਿਲੀਅਮਸਟਾਊਨ ਰੋਡ ਦੇ ਵਿਚਕਾਰ ਭਾਰੀ ਵਾਹਨਾਂ ਲਈ ਅੱਪਗ੍ਰੇਡ ਕੀਤੇ ਫ੍ਰੀਵੇਅ, ਹਾਈਡ ਸਟ੍ਰੀਟ ਰੈਂਪ, ਨਵੀਆਂ ਟਨਲਾਂ ਅਤੇ ਸ਼ਹਿਰ ਨਾਲ ਜੁੜੀਆਂ ਸੜਕਾਂ ਦੀ ਵਰਤੋਂ ਕਰਨ ਲਈ ਇੱਕ ਹੀ ਟੋਲ ਪੁਆਇੰਟ ਹੋਵੇਗਾ।



**ਹਾਈਡ ਸਟ੍ਰੀਟ 'ਤੇ ਦਾਖਲ ਹੋਣ ਅਤੇ ਬਾਹਰ ਨਿੱਕਲਣ ਲਈ ਨਵੇਂ ਰੈਂਪ**

ਉਨ੍ਹਾਂ ਭਾਰੀ ਵਾਹਨਾਂ ਲਈ ਮੈਲਬੌਰਨ ਪੋਰਟ ਤੱਕ ਪਹੁੰਚਣ ਲਈ ਪੱਛਮੀ ਇਲਾਕਿਆਂ ਵੱਲ ਨੂੰ ਜਾਂਦੇ ਸਮੇਂ ਦਾਖਲ ਹੋਣ ਲਈ ਰੈਂਪ ਅਤੇ ਸ਼ਹਿਰ ਵੱਲ ਆਉਂਦੇ ਸਮੇਂ ਲਈ ਬਾਹਰ ਨਿੱਕਲਣ ਲਈ ਰੈਂਪ, ਜੋ ਟਨਲ ਵਿੱਚੋਂ ਲੰਘ ਨਹੀਂ ਸਕਦੇ ਜਾਂ ਸਥਾਨਕ ਉਦਯੋਗ ਵੱਲ ਜਾ ਰਹੇ ਹਨ।



**ਮੈਕੈਂਜ਼ੀ ਰੋਡ ਅਤੇ ਐਪਲਟਨ ਡੌਕ ਰੋਡ 'ਤੇ ਬਾਹਰ ਨਿੱਕਲਣ ਲਈ ਨਵੇਂ ਰੈਂਪ**

ਮੈਲਬੌਰਨ ਪੋਰਟ ਤੱਕ ਸਿੱਧੀ ਪਹੁੰਚ ਲਈ।



**ਵੈਸਟ ਗੇਟ ਟਨਲ ਵਿੱਚ ਦਾਖਲ ਹੋਣ ਲਈ ਨਵੇਂ ਦਾਖਲਾ ਪੁਆਇੰਟ**

ਸ਼ਹਿਰ ਵੱਲੋਂ ਆਉਂਦੇ ਹੋਏ ਤੁਹਾਨੂੰ ਟਨਲ ਵਿੱਚ ਦਾਖਲ ਹੋਣ ਲਈ, ਵੈਸਟ ਮੈਲਬੌਰਨ ਵਿੱਚ ਡਾਇਨਨ ਰੋਡ, ਡੌਕਲੈਂਡਜ਼ ਵਿੱਚ ਵੁਰੰਡਜੇਰੀ ਵੇਅ ਜਾਂ ਫੁੱਟਸਕਰੇ ਰੋਡ, ਜਾਂ ਸਿਟੀਲਿੰਕ ਦੀ ਵਰਤੋਂ ਕਰਨੀ ਪਵੇਗੀ।

ਮੁੱਖ ਯਾਤਰਾਵਾਂ

# ਵੈਸਟ ਗੇਟ ਟਨਲ ਰਾਹੀਂ ਭਾਰੀ ਵਾਹਨਾਂ ਦੀਆਂ ਆਮ ਯਾਤਰਾਵਾਂ

ਇਹ ਭਾਗ ਸ਼ਹਿਰ ਦੇ ਅੰਦਰ ਜਾਣ ਅਤੇ ਬਾਹਰ ਜਾਣ ਲਈ ਦੋ ਹਿੱਸਿਆਂ ਵਿੱਚ ਵੰਡਿਆ ਹੋਇਆ ਹੈ।

## ਸ਼ਹਿਰ ਵੱਲ ਜਾਣ ਲਈ ਆਪਣੇ ਰਸਤੇ ਦੀ ਯੋਜਨਾ ਬਣਾਓ

**ਤੁਹਾਡੇ ਕੋਲ ਮੈਲਬੌਰਨ ਪੋਰਟ ਤੱਕ ਜਾਣ ਲਈ ਵੈਸਟ ਗੇਟ ਟਨਲ ਜਾਂ ਹਾਈਡ ਸਟ੍ਰੀਟ ਰੈਂਪਾਂ ਵਿੱਚੋਂ ਕਿਸੇ ਇੱਕ ਦੀ ਵਰਤੋਂ ਕਰਨ ਦੀ ਮਰਜ਼ੀ ਹੋਵੇਗੀ।**

## ਕਦਮ 1: M80 ਰਿੰਗ ਰੋਡ ਜਾਂ ਪ੍ਰਿੰਸੇਸ ਫ੍ਰੀਵੇਅ ਤੋਂ ਆਉਂਦੇ ਸਮੇਂ ਆਪਣੀ ਲੇਨ ਜਲਦੀ ਚੁਣੋ।

### ਵੈਸਟ ਗੇਟ ਟਨਲ ਅਤੇ ਫ੍ਰੀਵੇਅ ਤੋਂ ਬਾਹਰ ਨਿੱਕਲਣ ਲਈ ਖੱਬੇ ਪਾਸੇ ਜਾਓ

ਖੱਬੀਆਂ ਲੇਨਾਂ ਵਿੱਚ ਜਾਓ ਅਤੇ ਵੈਸਟ ਗੇਟ ਟਨਲ ਲਈ ਲੱਗੇ ਸੰਕੇਤਾਂ ਦੀ ਪਾਲਣਾ ਕਰੋ ਜਾਂ ਮਿੱਲਰਜ਼ ਰੋਡ, ਵਿਲੀਅਮਸਟਾਊਨ ਰੋਡ ਅਤੇ ਹਾਈਡ ਸਟ੍ਰੀਟ 'ਤੇ ਬਣੇ ਨਵੇਂ ਰੈਂਪ ਤੋਂ ਫ੍ਰੀਵੇਅ ਤੋਂ ਬਾਹਰ ਨਿੱਕਲੋ।

### ਵੈਸਟ ਗੇਟ ਬ੍ਰਿਜ ਜਾਣ ਲਈ ਐਕਸਪ੍ਰੈਸ ਲੇਨਾਂ ਲਈ ਸੱਜੇ ਪਾਸੇ ਜਾਓ

ਐਕਸਪ੍ਰੈਸ ਲੇਨਾਂ ਲਈ ਸੱਜੇ ਪਾਸੇ ਰਹੋ ਅਤੇ ਵੈਸਟ ਗੇਟ ਬ੍ਰਿਜ ਰਾਹੀਂ ਸਿਟੀ ਸਾਊਥ ਅਤੇ ਦੱਖਣ-ਪੂਰਬੀ ਇਲਾਕਿਆਂ ਵੱਲ ਜਾਣ ਲਈ ਸੰਕੇਤਾਂ ਦੀ ਪਾਲਣਾ ਕਰੋ।



**ਹਾਈਡ ਸਟ੍ਰੀਟ 'ਤੇ ਫ੍ਰੀਵੇਅ ਤੋਂ ਬਾਹਰ ਨਿੱਕਲ ਰਹੇ ਹੋ?**
ਹਾਈਡ ਸਟ੍ਰੀਟ 'ਤੇ ਜਾਣ ਲਈ ਵਿਲੀਅਮਸਟਾਊਨ ਰੋਡ ਦਾ ਬਾਹਰ ਨਿੱਕਲਣ ਦਾ ਰਸਤਾ ਲੰਘਣ ਤੋਂ ਬਾਅਦ ਸੰਕੇਤਾਂ ਦੀ ਪਾਲਣਾ ਕਰੋ ਅਤੇ ਸੱਜੀ ਲੇਨ ਵਿੱਚ ਰਹੋ। ਇਹ ਬਾਹਰ ਨਿੱਕਲਣ ਦਾ ਰੈਂਪ ਨੁਮਾ ਰਸਤਾ  ਪੋਰਟ ਅਤੇ ਸਥਾਨਕ ਉਦਯੋਗ ਤੱਕ ਜਾਣ ਲਈ ਹੈ, ਅਤੇ ਉਨ੍ਹਾਂ ਭਾਰੀ ਵਾਹਨਾਂ ਲਈ ਜਿਨ੍ਹਾਂ ਦਾ ਲੋਡ ਵੱਧ-ਸਾਈਜ਼ ਦਾ ਹੈ ਜਾਂ ਖ਼ਾਸ ਨਿਸ਼ਾਨ ਲੱਗਾ ਹੋਇਆ ਹੈ, ਕਿਉਂਕਿ ਇਸ ਤਰ੍ਹਾਂ ਦੇ ਲੋਡ ਟਨਲ ਰਾਹੀਂ ਨਹੀਂ ਜਾ ਸਕਦੇ ਹਨ।




## ਕਦਮ 2: ਵੈਸਟ ਗੇਟ ਟਨਲ ਵਿੱਚ ਦਾਖਲ ਹੋਣਾ

### ਫ੍ਰੀਵੇਅ ਨੈੱਟਵਰਕ ਤੋਂ ਬਾਹਰ ਨਿੱਕਲਣ ਅਤੇ ਦਾਖਲ ਹੋਣ ਲਈ ਆਪਣੇ ਨਵੇਂ ਤਰੀਕੇ ਨੂੰ ਚੁਣੋ।

ਸੰਕੇਤਾਂ ਦੀ ਪਾਲਣਾ ਕਰੋ ਅਤੇ ਵਿਲੀਅਮਸਟਾਊਨ ਰੋਡ ਦੇ ਨੇੜੇ ਵੈਸਟ ਗੇਟ ਫ੍ਰੀਵੇਅ ਤੋਂ ਵੈਸਟ ਗੇਟ ਟਨਲ ਵਿੱਚ ਦਾਖਲ ਹੋਵੋ।



## ਕਦਮ 3: ਆਪਣੀ ਅੰਤਿਮ ਮੰਜ਼ਿਲ ਚੁਣੋ




### ਸਿਟੀਲਿੰਕ ਅਤੇ ਮੈਲਬੌਰਨ ਹਵਾਈ ਅੱਡੇ ਵੱਲ ਅੱਗੇ ਜਾਂਦੇ ਸਮੇਂ

ਇੱਕ ਵਾਰ ਜਦੋਂ ਤੁਸੀਂ ਟਨਲ ਤੋਂ ਬਾਹਰ ਨਿੱਕਲ ਜਾਂਦੇ ਹੋ, ਤਾਂ ਵਿਚਕਾਰਲੀਆਂ ਲੇਨਾਂ ਵਿੱਚ ਰਹੋ। ਸਿਟੀਲਿੰਕ 'ਤੇ ਯਾਤਰਾ ਕਰਨ ਲਈ 'M2 ਸਿਟੀਲਿੰਕ' ਦੇ ਸੰਕੇਤਾਂ ਦੀ ਪਾਲਣਾ ਕਰੋ।




### ਮੈਲਬੌਰਨ ਪੋਰਟ 'ਚ ਜਾਣ ਲਈ

ਟਨਲ ਤੋਂ ਬਾਹਰ ਨਿੱਕਲਣ ਤੋਂ ਬਾਅਦ, ਮੈਕੈਂਜ਼ੀ ਰੋਡ, ਜਾਂ ਐਪਲਟਨ ਡੌਕ ਰੋਡ ਵੱਲ ਜਾਣ ਲਈ ਸੰਕੇਤਾਂ ਦੀ ਪਾਲਣਾ ਕਰੋ।

## ਮੁੱਖ ਯਾਤਰਾਵਾਂ


# ਬੈਲਾਰੈਟ/ਜ਼ੀਲੋਂਗ ਵੱਲ ਬਾਹਰ ਨੂੰ ਜਾਣ ਵਾਲੇ ਆਪਣੇ ਰਸਤੇ ਦੀ ਯੋਜਨਾ ਬਣਾਓ

ਵੈਸਟ ਗੇਟ ਟਨਲ ਤੁਹਾਨੂੰ ਪੋਰਟ ਅਤੇ ਦਿਹਾਤੀਆਂ ਇਲਾਕਿਆਂ ਵਿਚਕਾਰ ਯਾਤਰਾ ਲਈ ਹੋਰ ਤਰੀਕੇ ਪ੍ਰਦਾਨ ਕਰੇਗੀ।

## ਕਦਮ 1: ਆਪਣਾ ਸ਼ੁਰੂਆਤ ਕਰਨ ਦਾ ਸਥਾਨ ਚੁਣੋ

### ਐਪਲਟਨ ਡੌਕ ਰੋਡ ਤੋਂ:

- ਫੁੱਟਸਕਰੇ ਰੋਡ 'ਤੇ ਖੱਬੇ ਮੁੜੋ।
- ਖੱਬੀ ਲੇਨ ਵਿੱਚ ਰਹੋਅਤੇ 'M4 ਜ਼ੀਲੋਂਗ' ਲਈ ਲੱਗੇ ਸੰਕੇਤਾਂ ਦੀ ਪਾਲਣਾ ਕਰੋ।
- ਰੈਂਪ ਉੱਤੇ ਚੜ੍ਹਦੇ ਹੋਏ ਵੈਸਟ ਗੇਟ ਟਨਲ ਵਿੱਚ ਦਾਖਲ ਹੋਵੋ।



### ਮੈਕੈਂਜ਼ੀ ਰੋਡ ਤੋਂ:

- 'M4 ਜ਼ੀਲੋਂਗ' ਲਈ ਲੱਗੇ ਸੰਕੇਤਾਂ ਅਤੇ ਲੇਨਾਂ ਵਿੱਚ ਬਣਾਏ ਨਿਸ਼ਾਨਾਂ ਦੀ ਪਾਲਣਾ ਕਰੋ।
- ਅੱਗੇ ਵਧਦੇ ਹੋਏ ਵੈਸਟ ਗੇਟ ਟਨਲ ਵਿੱਚ ਦਾਖਲ ਹੋਵੋ।




### ਹਾਈਡ ਸਟ੍ਰੀਟ ਤੋਂ:

- ਇਹ ਨਵਾਂ ਰੈਂਪ ਸਿਮਕੌਕ ਐਵੇਨਿਊ ਤੋਂ ਵੈਸਟ ਗੇਟ ਫ੍ਰੀਵੇਅ ਤੱਕ ਸਿੱਧੀ ਐਕਸਪ੍ਰੈੱਸ ਪਹੁੰਚ ਪ੍ਰਦਾਨ ਕਰੇਗਾ।
- ਤੁਸੀਂ ਹਾਈਡ ਸਟ੍ਰੀਟ 'ਤੇ ਕਿਸ ਦਿਸ਼ਾ ਵਿੱਚ ਯਾਤਰਾ ਕਰ ਰਹੇ ਹੋ, ਇਸ 'ਤੇ ਨਿਰਭਰ ਕਰਦੇ ਹੋਏ, ਵੈਸਟ ਗੇਟ ਫ੍ਰੀਵੇਅ ਅਤੇ 'M1 ਜ਼ੀਲੋਂਗ' ਲਈ ਲੱਗੇ ਸੰਕੇਤਾਂ ਦੀ ਪਾਲਣਾ ਕਰੋ।



## ਆਪਣੀਆਂ ਯਾਤਰਾਵਾਂ ਦੀ ਪਹਿਲਾਂ ਤੋਂ ਹੀ ਯੋਜਨਾ ਬਣਾਓ

**westgatetunnelproject.vic.gov.au/drive** 'ਤੇ ਜਾਓ ਅਤੇ ਇੰਟਰਐਕਟਿਵ ***Explore Your Journey (ਐਕਸਪਲੋਰ ਯੂਅਰ ਜਰਨੀ)*** ਟੂਲ ਦੀ ਵਰਤੋਂ ਕਰੋ।

ਸਮੁੱਚੇ ਭਾਰੀ ਵਾਹਨ ਰੂਟਾਂ ਬਾਰੇ ਵਧੇਰੇ ਵਿਸਤ੍ਰਿਤ ਜਾਣਕਾਰੀ ਲਈ, **nhvr.org.au** 'ਤੇ ਨੈਸ਼ਨਲ ਹੈਵੀ ਵਹੀਕਲ ਰੈਗੂਲੇਟਰ ਤੋਂ ਜਾਣਕਾਰੀ ਦੇਖਣਾ ਯਾਦ ਰੱਖੋ।




## ਕਦਮ 2: ਇੱਕ ਵਾਰ ਜਦੋਂ ਤੁਸੀਂ ਵੈਸਟ ਗੇਟ ਫ੍ਰੀਵੇਅ 'ਤੇ ਆ ਜਾਂਦੇ ਹੋ, ਤਾਂ ਜ਼ੀਲੋਂਗ ਜਾਂ ਬੈਲਾਰੈਟ ਵੱਲ ਜਾਣ ਲਈ ਆਪਣੀਆਂ ਲੇਨਾਂ ਚੁਣੋ।

### ਵੈਸਟ ਗੇਟ ਟਨਲ ਤੋਂ ਯਾਤਰਾ ਕਰਦੇ ਹੋਏ

**ਆਪਣੀ ਲੇਨ ਨੂੰ ਜਲਦੀ ਚੁਣੋ।**

M1 ਪ੍ਰਿੰਸੇਸ ਫ੍ਰੀਵੇਅ (ਜ਼ੀਲੋਂਗ) ਵੱਲ **ਖੱਬੀਆਂ ਲੇਨਾਂ।**

M80 ਰਿੰਗ ਰੋਡ (ਬੈਲਾਰੈਟ/ਬੈਂਡੀਗੋ) ਵੱਲ ਸੱਜੇ ਪਾਸੇ **ਦੀਆਂ ਲੇਨਾਂ।**

### ਵੈਸਟ ਗੇਟ ਬ੍ਰਿਜ ਵੱਲੋਂ ਯਾਤਰਾ ਕਰਦੇ ਹੋਏ

**ਆਪਣੀ ਲੇਨ ਨੂੰ ਜਲਦੀ ਚੁਣੋ।**

ਜਦੋਂ ਤੁਸੀਂ ਪੁਲ ਪਾਰ ਕਰ ਲੈਂਦੇ ਹੋ, ਤਾਂ ਸੱਜੇ ਪਾਸੇ ਵਾਲੀਆਂ ਐਕਸਪ੍ਰੈਸ ਲੇਨਾਂ ਲਓ ਅਤੇ 'M1 ਜ਼ੀਲੋਂਗ' ਜਾਂ 'M80 ਰਿੰਗ ਰੋਡ' ਵੱਲ ਜਾਣ ਲਈ ਲੱਗੇ ਸੰਕੇਤਾਂ ਦੀ ਪਾਲਣਾ ਕਰੋ।


**ਫਿਰ ਜਦੋਂ ਤੁਸੀਂ ਮਿੱਲਰਜ਼ ਰੋਡ** ਕੋਲੋਂ ਲੰਘ ਜਾਂਦੇ ਹੋ, ਤਾਂ ਤੁਹਾਨੂੰ ਇਨ੍ਹਾਂ ਲੇਨਾਂ ਵਿੱਚ ਰਹਿਣਾ ਪਵੇਗਾ:

M80 ਰਿੰਗ ਰੋਡ (ਬੈਲਾਰੈਟ ਵੱਲ) ਤੱਕ ਪਹੁੰਚਣ ਲਈ ਖੱਬੇ ਪਾਸੇ **ਦੀਆਂ ਲੇਨਾਂ** ਵਿੱਚ।

ਪ੍ਰਿੰਸੇਸ ਫ੍ਰੀਵੇਅ (ਜ਼ੀਲੋਂਗ-ਵੱਲ) ਲਈ **ਸੱਜੀਆਂ ਲੇਨਾਂ** ਵਿੱਚ।

**ਫ੍ਰੀਵੇਅ ਤੋਂ ਬਾਹਰ ਨਿੱਕਲਣਾ**

ਬ੍ਰਿਜ਼ ਉੱਤੇ ਖੱਬੇ ਪਾਸੇ ਦੀਆਂ ਲੇਨਾਂ 'ਚ ਆ ਜਾਓ ਅਤੇ ਵਿਲੀਅਮਸਟਾਊਨ ਰੋਡ, ਮਿੱਲਰਜ਼ ਰੋਡ ਜਾਂ ਗ੍ਰੀਵ ਪਰੇਡ 'ਤੇ ਫ੍ਰੀਵੇਅ ਤੋਂ ਬਾਹਰ ਨਿੱਕਲਣ ਲਈ ਲੱਗੇ ਸੰਕੇਤਾਂ ਦੀ ਪਾਲਣਾ ਕਰੋ।



## ਯਾਤਰਾਵਾਂ ਲਈ ਫ਼ੀਸ ਭੁਗਤਾਨ ਕਰਨਾ

# ਵੈਸਟ ਗੇਟ ਟਨਲ ਰਾਹੀਂ ਜਾਣ ਲਈ ਫ਼ੀਸ ਭੁਗਤਾਨ ਕਰਨਾ

ਸਾਰੇ ਭਾਰੀ ਵਾਹਨਾਂ ਨੂੰ ਵਿਲੀਅਮਸਟਾਊਨ ਰੋਡ ਅਤੇ ਮਿੱਲਰਜ਼ ਰੋਡ ਦੇ ਵਿਚਕਾਰ ਸਥਿਤ ਵੈਸਟ ਗੇਟ ਫ੍ਰੀਵੇਅ ਤੇ ਇੱਕੋ ਟੋਲ ਦੇਣਾ ਪਵੇਗਾ, ਭਾਵੇਂ ਤੁਸੀਂ ਟਨਲ, ਵੈਸਟ ਗੇਟ ਬ੍ਰਿਜ, ਜਾਂ ਹਾਈਡ ਸਟ੍ਰੀਟ ਰੈਂਪ ਵਿਚੋਂ ਕਿਸੇ ਦੀ ਵੀ ਵਰਤੋਂ ਕਰਦੇ ਹੋ।

### ਟੋਲ ਕੀਮਤਾਂ

ਵੈਸਟ ਗੇਟ ਟਨਲ ਦੀਆਂ ਟੋਲ ਕੀਮਤਾਂ ਬਾਰੇ ਨਵੀਨਤਮ ਜਾਣਕਾਰੀ ਲੈਣ ਲਈ *transurban.com/west-gate-tunnel-tolls* 'ਤੇ ਜਾਓ।

**ਭਾਰੀ ਵਪਾਰਕ ਵਾਹਨ (HCV)**

HCV ਤਿੰਨ ਜਾਂ ਵੱਧ ਐਕਸਲ ਵਾਲੇ ਰਿਜ਼ਡ ਟਰੱਕ ਹੁੰਦੇ ਹਨ, ਜਾਂ 4.5 ਟਨ ਤੋਂ ਵੱਧ ਕੁੱਲ ਵਾਹਨ ਭਾਰ ਵਾਲੇ ਟਰੱਕ, ਬੱਸਾਂ ਅਤੇ ਆਰਟੀਕੂਲੇਟਡ ਟਰੱਕ ਹੁੰਦੇ ਹਨ।

**ਲੰਬੇ ਭਾਰੀ ਵਪਾਰਕ ਵਾਹਨ (LHCV)**

ਲੰਬੇ ਭਾਰੀ ਵਪਾਰਕ ਵਾਹਨ (LHCV) ਇੱਕ ਨਵੀਂ ਵਾਹਨ ਅਤੇ ਟੋਲਿੰਗ ਸ਼੍ਰੇਣੀ ਹੈ ਜੋ ਨਵੀਂ ਵੈਸਟ ਗੇਟ ਟਨਲ ਅਤੇ ਵੈਸਟ ਗੇਟ ਫ੍ਰੀਵੇਅ ਦੇ ਨਵੇਂ ਟੋਲ ਵਾਲੇ ਹਿੱਸੇ 'ਤੇ ਲਾਗੂ ਹੋਵੇਗੀ।

LHCVs ਉਹ ਭਾਰੀ ਵਾਹਨ ਹਨ ਜਿਨ੍ਹਾਂ ਦੀ ਲੰਬਾਈ 26 ਮੀਟਰ ਜਾਂ ਇਸ ਤੋਂ ਵੱਧ ਹੈ।

## ਭਾਰੀ ਵਾਹਨਾਂ ਲਈ ਕੀਮਤ

ਟੋਲ ਲਈ ਲਾਗੂ ਛੋਟਾਂ ਅਤੇ ਯਾਤਰਾ ਲਈ ਵੱਧ ਤੋਂ ਵੱਧ ਟੋਲ ਕੀਮਤ ਦੀ ਸੀਮਾ ਅੱਪਗ੍ਰੇਡ ਕੀਤੇ ਫ੍ਰੀਵੇਅ ਅਤੇ ਨਵੀਆਂ ਟਨਲਾਂ ਨੂੰ ਭਾਰੀ ਵਾਹਨਾਂ ਲਈ ਵਧੇਰੇ ਲਾਗਤ-ਪ੍ਰਭਾਵਸ਼ਾਲੀ ਬਣਾਉਣ ਵਿੱਚ ਮੱਦਦ ਕਰਨਗੀਆਂ।

| | | |
|---|---|---|
| ਰਾਤ ਦੇ ਸਮੇਂ ਯਾਤਰਾ | ਰਾਤ ਦੇ ਸਮੇਂ (ਸ਼ਾਮ 8 ਵਜੇ ਤੋਂ ਸਵੇਰੇ 6 ਵਜੇ ਤੱਕ) ਯਾਤਰਾ ਕਰਨ ਵਾਲੇ ਟਰੱਕਾਂ ਨੂੰ **33% ਦੀ ਛੋਟ ਮਿਲੇਗੀ।** | |
| ਮਲਟੀ-ਰੋਡ ਟੋਲ ਕੈਪ | ਸਿਟੀਲਿੰਕ ਅਤੇ ਵੈਸਟ ਗੇਟ ਟਨਲ ਦੋਵਾਂ 'ਤੇ ਯਾਤਰਾ ਕਰਨ ਵਾਲੇ ਟਰੱਕਾਂ ਲਈ ਇੱਕੋ ਯਾਤਰਾ ਦੌਰਾਨ ਟੋਲ ਲੱਗਣ ਦੀ ਫ਼ੀਸ ਨੂੰ ਇੱਕ ਨਿਰਧਾਰਿਤ ਰਕਮ 'ਤੇ ਸੀਮਿਤ ਕੀਤਾ ਜਾਵੇਗਾ, ਜੋ ਦਿਨ ਦੇ ਸਮੇਂ ਅਤੇ ਵਾਹਨ ਦੀ ਕਿਸਮ ਦੇ ਆਧਾਰ 'ਤੇ ਨਿਰਭਰ ਕਰੇਗਾ। | |
| ਵੈਸਟ ਗੇਟ ਟਨਲ ਮਲਟੀ-ਟ੍ਰਿਪ ਛੋਟ | ਸਾਰਾ ਦਿਨ ਆਉਣ-ਜਾਣ ਕਰਨ ਵਾਲੇ ਭਾਰੀ ਵਾਹਨਾਂ ਨੂੰ ਚੌਥੇ ਗੇੜੇ ਤੋਂ ਬਾਅਦ ਟੋਲ ਵਿੱਚ ਛੋਟ ਮਿਲੇਗੀ: | |
| | ਪਹਿਲੇ 4 ਗੇੜਿਆਂ ਵਿੱਚ: | **ਟਰੱਕ ਪੂਰਾ ਟੋਲ ਭੁਗਤਾਨ ਕਰਨਗੇ** |
| | 5 ਤੋਂ 8 ਗੇੜਿਆਂ ਵਿੱਚ: | **ਟਰੱਕ 50% ਟੋਲ ਦੇਣਗੇ** |
| | 9 ਅਤੇ ਇਸ ਤੋਂ ਵੱਧ ਗੇੜਿਆਂ ਵਿੱਚ: | **ਕੋਈ ਹੋਰ ਫ਼ੀਸ ਨਹੀਂ ਲੱਗੇਗੀ** |

## ਟੋਲ ਦਾ ਭੁਗਤਾਨ ਕਰਨ ਦੇ ਵੱਖ-ਵੱਖ ਤਰੀਕੇ ਉਪਲਬਧ ਹਨ।

ਫਲੀਟਾਂ ਵਾਲੇ ਕਾਰੋਬਾਰ ਵਪਾਰਕ ਟੋਲਿੰਗ ਖਾਤੇ ਬਣਾ ਸਕਦੇ ਹਨ, ਜਿਨ੍ਹਾਂ ਵਿੱਚ ਟੋਲ ਫ਼ੀਸ ਦਾ ਹਿਸਾਬ-ਕਿਤਾਬ ਰੱਖਣ ਵਿੱਚ ਮੱਦਦ ਕਰਨ ਲਈ ਤਿਆਰ ਕੀਤੀਆਂ ਗਈਆਂ ਉੱਨਤ ਵਿਸ਼ੇਸ਼ਤਾਵਾਂ ਹਨ। ਵਧੇਰੇ ਜਾਣਕਾਰੀ ਲਈ **linkt.com.au** 'ਤੇ ਜਾਓ।

## ਜੇਕਰ ਤੁਸੀਂ ਟੋਲ ਵਾਲੀ ਰੋਡ 'ਤੇ ਬਿਨਾਂ ਖਾਤੇ ਦੇ ਯਾਤਰਾ ਕਰਦੇ ਹੋ

ਜੇਕਰ ਤੁਹਾਡੇ ਕੋਲ ਵੈਸਟ ਗੇਟ ਟਨਲ ਰਾਹੀਂ ਯਾਤਰਾ ਕਰਦੇ ਸਮੇਂ ਕੋਈ ਚਾਲੂ ਟੋਲ ਖਾਤਾ ਨਹੀਂ ਹੈ, ਤਾਂ ਤੁਹਾਨੂੰ ਇੱਕ ਟੋਲ ਇਨਵੌਇਸ ਮਿਲ ਸਕਦੀ ਹੈ ਅਤੇ ਟੋਲ ਤੋਂ ਇਲਾਵਾ ਵਾਧੂ ਫੀਸਾਂ ਅਤੇ ਖ਼ਰਚੇ ਵੀ ਲੱਗ ਸਕਦੇ ਹੈ। ਇੱਕ ਚਾਲੂ ਟੋਲਿੰਗ ਖਾਤਾ ਜਾਂ ਇੱਕੋ ਵਾਰ ਵਰਤੋਂ ਵਾਲਾ ਪਾਸ ਹੋਣਾ ਮਹੱਤਵਪੂਰਨ ਹੈ, ਤਾਂ ਜੋ ਤੁਹਾਡੇ ਲਈ ਆਪਣੀ ਯਾਤਰਾ, ਭੁਗਤਾਨਾਂ ਅਤੇ ਵਾਹਨਾਂ ਦਾ ਪ੍ਰਬੰਧਨ ਕਰਨਾ ਆਸਾਨ ਹੋਵੇ।

ਜਦੋਂ ਵੈਸਟ ਗੇਟ ਟਨਲ ਖੁੱਲ੍ਹੇਗੀ ਤਾਂ ਟਰਾਂਸਅਰਬਨ ਇਸਨੂੰ ਚਲਾਏਗਾ। ਉਨ੍ਹਾਂ ਦੀ ਵੈੱਬਸਾਈਟ 'ਤੇ ਜਾ ਕੇ ਹੋਰ ਜਾਣੋ।

## ਸੁਰੱਖਿਆ

# ਸੜਕ ਸੁਰੱਖਿਆ ਅਤੇ ਵੈਸਟ ਗੇਟ ਟਨਲ

## ਤਖ਼ਤੀਆਂ ਵਾਲੇ ਵਾਹਨਾਂ ਅਤੇ ਖ਼ਤਰਨਾਕ ਸਮਾਨ ਲਈ ਪਾਬੰਦੀਆਂ।

**ਤਖ਼ਤੀਆਂ ਵਾਲੇ ਵਾਹਨ, ਜੋ ਖ਼ਤਰਨਾਕ ਸਮਾਨ ਦੀ ਢੋਆ-ਢੁਆਈ ਕਰਦੇ ਹਨ, ਵੈਸਟ ਗੇਟ ਟਨਲ ਰਾਹੀਂ ਯਾਤਰਾ ਨਹੀਂ ਕਰ ਸਕਦੇ ਹਨ। ਇਹ ਲੋਡ ਹਾਈਡ ਸਟ੍ਰੀਟ ਦੇ ਰੈਂਪਾਂ ਰਾਹੀਂ ਲਿਜਾਣੇ ਲਾਜ਼ਮੀ ਹਨ। ਹੋਰ ਜਾਣਕਾਰੀ ਲਈ ਪੰਨਾ 7 'ਤੇ ਜਾਓ।**

ਸੁਰੱਖਿਆ ਨੂੰ ਯਕੀਨੀ ਬਣਾਉਣ ਲਈ, ਖ਼ਤਰਨਾਕ ਸਮਾਨ ਲਿਜਾਂਦੇ ਸਮੇਂ ਟਨਲਾਂ ਵਿੱਚੋਂ ਲੰਘਣ ਤੋਂ ਗੁਰੇਜ਼ ਕਰੋ। ਟਨਲ ਵਿੱਚ ਦਾਖਲ ਹੋਣ ਵਾਲੇ ਦਰਵਾਜ਼ੇ ਦੇ ਨੇੜੇ ਤਖ਼ਤੀਆਂ ਵਾਲੇ ਲੋਡਾਂ ਲਈ ਇੱਕ ਐਮਰਜੈਂਸੀ ਬਾਹਰ ਨਿੱਕਲਣ ਦਾ ਰਸਤਾ ਉਪਲਬਧ ਹੈ।

### ਇਸਨੂੰ ਸੇਵ ਕਰੋ!


ਜੇਕਰ ਤੁਸੀਂ ਕਿਸੇ ਘਟਨਾ ਵਿੱਚ ਫਸ ਜਾਂਦੇ ਹੋ ਅਤੇ ਤੁਹਾਨੂੰ ਮੱਦਦ ਦੀ ਲੋੜ ਹੈ, ਤਾਂ ਟ੍ਰਾਂਸਅਰਬਨ ਦੀ ਟੀਮ ਹਮੇਸ਼ਾ ਤਿਆਰ ਹੈ।

ਆਪਣੇ ਫ਼ੋਨ ਵਿੱਚ **13 33 31** ਨੂੰ ਸੇਵ ਕਰ ਲਵੋ—ਇਹ 24 ਘੰਟੇ, ਹਫ਼ਤੇ ਦੇ 7 ਦਿਨ ਉਪਲਬਧ ਰਹਿੰਦਾ ਹੈ।

## ਸੜਕ 'ਤੇ ਤੁਹਾਨੂੰ ਲੱਭ ਰਹੇ ਹਨ

ਕੈਮਰੇ ਵੈਸਟ ਗੇਟ ਟਨਲ ਅਤੇ ਸਿਟੀਲਿੰਕ 'ਤੇ 24 ਘੰਟੇ, ਹਫ਼ਤੇ ਦੇ 7 ਦਿਨ ਟ੍ਰੈਫਿਕ ਹਾਲਾਤਾਂ ਦੀ ਨਿਗਰਾਨੀ ਕਰਦੇ ਹਨ।

**ਜੇਕਰ ਤੁਹਾਡੀ ਗੱਡੀ ਖ਼ਰਾਬ ਹੋ ਜਾਂਦੀ ਹੈ ਜਾਂ ਕੋਈ ਹਾਦਸਾ ਵਾਪਰ ਜਾਂਦਾ ਹੈ, ਤਾਂ ਆਪਣੇ ਵਾਹਨ ਵਿੱਚ ਹੀ ਰਹੋ, ਹੈਜ਼ਰਡ ਲਾਈਟਾਂ ਚਾਲੂ ਕਰੋ ਅਤੇ ਇੱਕ ਇਨਸਿਡੈਂਟ ਰਿਸਪਾਂਸ ਟੀਮ ਨੂੰ ਤੁਰੰਤ ਭੇਜਿਆ ਜਾਵੇਗਾ।**



ਰੈਂਪ 'ਤੇ ਲੱਗੀਆਂ ਸਿਗਨਲ ਲਾਈਟਾਂ ਅਤੇ ਉੱਪਰ ਲੱਗੇ ਸੁਨੇਹਿਆਂ ਦੀ ਪਾਲਣਾ ਕਰੋ।



ਲਾਲ X ਦਾ ਮਤਲਬ ਹੈ ਕਿ ਉਹ ਲੇਨ ਬੰਦ ਹੈ। ਅੱਗੇ ਸੜਕ 'ਤੇ ਸੜਕ ਦਾ ਕੰਮ, ਖ਼ਰਾਬ ਵਾਹਨ ਜਾਂ ਮਲਬਾ ਹੋ ਸਕਦਾ ਹੈ।




ਸੜਕ 'ਤੇ ਹੋਈਆਂ ਘਟਨਾਵਾਂ ਜਾਂ ਭੀੜ-ਭੜੱਕੇ ਦੇ ਜਵਾਬ ਵਿੱਚ ਵਾਹਨ ਦੀ ਗਤੀ ਸੀਮਾ ਦੇ ਸੰਕੇਤ ਬਦਲਦੇ ਹਨ। ਵਾਹਨ ਚਾਲਕਾਂ ਵੱਲੋਂ ਇਨ੍ਹਾਂ ਸੰਕੇਤਾਂ 'ਤੇ ਦਰਸਾਈ ਗਈ ਗਤੀ ਸੀਮਾ ਦੀ ਪਾਲਣਾ ਕਰਨੀ ਲਾਜ਼ਮੀ ਹੈ।



ਜਦੋਂ ਕੋਈ ਘਟਨਾ ਵਾਪਰਦੀ ਹੈ, ਤਾਂ ਤੀਰਾਂ ਵਾਲੇ ਸੰਕੇਤ ਤੁਹਾਨੂੰ ਦੱਸਣਗੇ ਕਿ ਕਿਹੜੀ ਲੇਨ ਵਿੱਚ ਜਾਣਾ ਹੈ।
ਜੇਕਰ ਲੋੜ ਹੋਵੇ ਤਾਂ ਇਹ ਤੀਰ ਤੁਹਾਨੂੰ ਫ੍ਰੀਵੇਅ ਤੋਂ ਬਾਹਰ ਨਿੱਕਲਣ ਲਈ ਵੀ ਕਹਿ ਸਕਦੇ ਹਨ।



ਜੇਕਰ ਤੁਸੀਂ ਟਨਲ ਵਿੱਚ ਇਸ ਗੋਲ ਚੱਕਰ ਵਾਲਾ ਸੰਕੇਤ ਵੇਖੋ, ਤਾਂ ਸਾਵਧਾਨੀ ਨਾਲ ਅੱਗੇ ਵਧੋ ਕਿਉਂਕਿ ਅੱਗੇ ਕੋਈ ਘਟਨਾ ਹੋ ਸਕਦੀ ਹੈ।